

ਉਪ ਖੇਤਰੀ ਦਫ਼ਤਰ ਈ.ਐਸ.ਆਈ.ਸੀ., ਜਲੰਧਰ ਵਲੋਂ ਇਨੋਸੈਂਟ ਹਾਰਟਸ ਸਕੂਲ ਵਿਖੇ ਲਗਾਏ ਜਾਗਰੂਕਤਾ ਸੈਮੀਨਾਰ ਦੌਰਾਨ ਹਾਜ਼ਰ ਅਧਿਕਾਰੀ। ਤਸਵੀਰ : ਮੁਨੀਸ਼

# ਈ.ਐੱਸ.ਆਈ.ਸੀ. ਵਲੋਂ ਇਨੋਸੈਂਟ ਹਾਰਟਸ ਸਕੂਲ ਵਿਖੇ ਜਾਗਰੂਕਤਾ ਕੈਂਪ ਲਗਾਇਆ

ਜਲੰਧਰ, 25 ਫਰਵਰੀ (ਐੱਮ. ਐੱਸ. ਲੋਹੀਆ)-ਉਪ ਖੇਤਰੀ ਦਫ਼ਤਰ ਈ.ਐਸ.ਆਈ.ਸੀ., ਜਲੰਧਰ ਵਲੋਂ ਇਨੋਸੈਂਟ ਹਾਰਟਸ ਸਕੂਲ ਵਿਖੇ 'ਜਾਗਰੂਕਤਾ ਅਤੇ ਸਿਹਤ ਜਾਗਰੂਕਤਾ ਚਰਚਾ' ਕਰਵਾਈ ਗਈ, ਜਿਸ 'ਚ 60 ਦੇ ਕਰੀਬ ਵਰਕਰਾਂ ਨੇ ਭਾਗ ਲਿਆ। ਇਸ ਮੌਕੇ ਨਿਗਮ ਦੇ ਸਹਾਇਕ ਨਿਰਦੇਸ਼ਕ ਮਨੋਜ ਕੁਮਾਰ ਥੰਗਾਲੀਆ ਨੇ ਜਾਣਕਾਰੀ ਦਿੱਤੀ ਕਿ ਈ.ਐਸ.ਆਈ.ਸੀ. ਦੇ 74ਵੇਂ ਸਥਾਪਨਾ ਦਿਵਸ ਦੇ ਮੌਕੇ 'ਤੇ ਨਿਗਮ ਵਲੋਂ 24 ਫਰਵਰੀ ਤੋਂ 10 ਮਾਰਚ ਤੱਕ 'ਵਿਸ਼ੇਸ਼ ਸੇਵਾ ਪੰਦ੍ਰਵਾੜਾ' ਮਨਾਇਆ ਜਾ ਰਿਹਾ ਹੈ। ਸ੍ਰੀ ਥੰਗਾਲੀਆ ਨੇ ਇਸ ਮੌਕੇ ਈ.ਐਸ.ਆਈ. ਦੇ ਵੱਖ-ਵੱਖ ਹਿੱਤਲਾਭਾਂ ਜਿਵੇਂ ਕਿ ਬਿਮਾਰੀ ਹਿੱਤ ਲਾਭ, ਅਸਥਾਈ ਅਪੰਗਤਾ ਹਿੱਤਲਾਭ, ਸਥਾਈ ਅਪੰਗਤਾ ਹਿੱਤਲਾਭ, ਨਿਰਭਰ ਵਿਅਕਤੀ ਹਿੱਤਲਾਭ, ਜਣੇਪੇ ਹਿੱਤਲਾਭ ਆਦਿ ਬਾਰੇ ਵਿਸਥਾਰ 'ਚ ਦੱਸਿਆ। ਸ਼ਾਖਾ ਪ੍ਰਬੰਧਕ ਹੇਮ ਰਾਜ ਰਾਣਾ ਨੇ ਕਰਮਚਾਰੀ ਰਾਜ ਬੀਮਾ ਨਿਗਮ ਵਲੋਂ ਚਲਾਏ ਜਾ ਰਹੇ ਮੈਡੀਕਲ ਕਾਲਜਾਂ 'ਚ ਬੀਮਾਧਾਰਕ ਵਿਅਕਤੀਆਂ ਦੇ ਬੱਚਿਆਂ ਦੇ ਲਈ ਐਮ.ਬੀ.ਬੀ.ਐਸ. 'ਚ ਦਾਖ਼ਲੇ ਦੇ ਲਈ ਰਾਖਵੀਆਂ ਸੀਟਾਂ ਦੇ ਬਾਰੇ 'ਚ ਜਾਣਕਾਰੀ ਦਿੱਤੀ। ਡਾ. ਸੀਮਾ ਅਤੇ ਡਾ. ਰੂਥ ਨੇ ਦੰਦਾਂ ਦੀ ਦੇਖਭਾਲ ਅਤੇ ਹੋਰ ਸਿਹਤ ਸਬੰਧੀ ਜਾਣਕਾਰੀਆਂ ਸਾਂਝੀਆਂ ਕੀਤੀਆਂ। ਸਕੂਲ ਦੇ ਸੀ.ਈ.ਓ. ਮੁਨੀਸ਼ ਜੋਸ਼ੀ ਨੇ ਨਿਗਮ ਵਲੋਂ ਕਰਵਾਏ ਜਾ ਰਹੇ ਕੈਂਪਾਂ ਅਤੇ ਈ.ਐਸ.ਆਈ. ਵਲੋਂ ਦਿੱਤੇ ਜਾ ਰਹੇ ਵੱਖ-ਵੱਖ ਹਿੱਤਲਾਭਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੇ ਐਚ.ਆਰ. ਮੈਨੇਜਰ ਬੀ.ਐਸ. ਅਗਰਵਾਲ, ਪ੍ਰਿੰਸੀਪਲ ਰਾਜੀਵ ਪਾਲੀਵਾਲ, ਉਪ-ਨਿਰਦੇਸ਼ਕ ਗੁਰਵਿੰਦਰ ਕੌਰ ਮੌਜੂਦ ਸਨ।

ਅਜੀਤ
26-Feb-2025
Page: 7
http://epaper.ajitjalandhar.com/edition/20250226/1/7.cms